## ਨਗਰ ਅਤੇ ਗਰਾਮ ਯੋਜਨਾਬੰਦੀ ਵਿਭਾਗ, ਪੰਜਾਬ

ਵੱਲੋਂ

ਮੁੱਖ ਨਗਰ ਯੋਜਨਾਕਾਰ, ਪੰਜਾਬ,
ਚੰਡੀਗੜ੍ਹ।

ਸੇਵਾ ਵਿਖੇ

1. ਸੀਨੀਅਰ ਨਗਰ ਯੋਜਨਾਕਾਰ, ਪਟਿਆਲਾ/ਲੁਧਿਆਣਾ/ਅੰਮ੍ਰਿਤਸਰ/ਜਲੰਧਰ/ਐਸ.ਏ. ਐਸ.ਨਗਰ।
2. ਜਿਲਾ ਨਗਰ ਯੋਜਨਾਕਾਰ, ਪਟਿਆਲਾ/ਲੁਧਿਆਣਾ/ਅੰਮ੍ਰਿਤਸਰ/ਜਲੰਧਰ/ਐਸ.ਏ. ਐਸ.ਨਗਰ/ ਸੰਗਰੂਰ/ਬਠਿੰਡਾ/
3. ਡਿਪਟੀ ਜਿਲਾ ਨਗਰ ਯੋਜਨਾਕਾਰ, ਰੋਪੜ/ਕਪੂਰਥਲਾ।

ਯਾਦ ਪੱਤਰ ਨੰ: 5550-70 ਸੀਟੀਪੀ(ਪਬ)/SP-25 ਮਿਤੀ: 3-7-08

**ਵਿਸ਼ਾ: ਵੱਖ -2 ਤੇਲ ਕੰਪਨੀਆਂ ਵੱਲੋਂ ਪੇਂਡੂ ਖੇਤਰਾਂ ਵਿੱਚ ਲਗਾਏ ਜਾਣ ਵਾਲੇ ਡੀਜ਼ਲ ਪੰਪਾਂ ਨੂੰ ਕਿਸਾਨ ਸੇਵੇ ਕੇਦਰਾਂ ਦੇ ਬਰਾਬਰ ਮੰਨਣ ਬਾਰੇ**

2 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਇੰਡੀਅਨ ਆਇਲ ਕਾਰਪੋਰੇਸ਼ਨ ਲਿਮਟਿਡ ਵੱਲੋਂ ਪੇਂਡੂ ਖੇਤਰਾਂ ਵਿਚ ਡੀਜਲ ਪੰਪ ਅਤੇ ਖੇਤੀਬਾੜੀ ਨਾਲ ਸਬੰਧਤ ਹੋਰ ਸਹੂਲਤਾਂ ਉਪਲੱਬਧ ਕਰਵਾਉਣ ਲਈ ਕਿਸਾਨ ਸੇਵਾ ਕੇਦਰ ਸਕੀਮ ਚਾਲੂ ਕੀਤੀ ਗਈ ਹੈ। ਇਸ ਦੀ ਤਰਜ਼ ਤੇ ਹੋਰ ਤੇਲ ਕੰਪਨੀਆਂ ਵੱਲੋਂ ਵੀ ਅਜਿਹੇ ਡੀਜ਼ਲ ਪੰਪ ਪੇਂਡੂ ਖੇਤਰਾਂ ਵਿੱਚ ਸਥਾਪਤ ਕੀਤੇ ਜਾ ਰਹੇ ਹਨ। ਸਕਰਾਰ ਵੱਲੋਂ ਵੱਖ-2 ਤੇਲ ਕੰਪਨੀਆਂ ਵੱਲੋਂ ਅਜਿਹੇ ਡੀਜ਼ਲ ਪੰਪਾਂ ਨੂੰ ਵੀ ਕਿਸਾਨ ਸੇਵਾ ਕੇਦਰ ਦੇ ਬਰਾਬਰ ਮੰਨਦੇ ਹੋਏ ਕਿਸਾਨ ਸੇਵਾ ਕੇਦਰ ਦੇ ਸਬੰਧ ਵਿੱਚ ਜਾਰੀ ਗਾਈਡਲਾਈਨਾਂ ਅਨੁਸਾਰ ਵਾਚਣ ਦੀ ਪ੍ਰਵਾਨਗੀ ਦਿੱਤੀ ਗਈ ਹੈ। ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਵੱਖ-2 ਤੇਲ ਕੰਪਨੀਆਂ ਵੱਲੋਂ ਸਥਾਪਤ ਕੀਤੇ ਜਾਣ ਵਾਲੇ ਅਜਿਹੇ ਡੀਜ਼ਲ ਪੰਪਾਂ ਨੂੰ ਜਿੰਨਾਂ ਵਿੱਚ ਕਿਸਾਨ ਸੇਵਾ ਕੇਂਦਰ ਵਾਲੀਆਂ ਸਹੂਲਤਾਂ ਦਿੱਤੀਆਂ ਜਾਣੀਆਂ ਹਨ ਨੂੰ ਕਿਸਾਨ ਸੇਵਾ ਕੇਂਦਰ ਸਬੰਧੀ ਜਾਰੀ ਗਾਈਡਲਾਈਨਾਂ ਵਾਚਦੇ ਹੋਏ ਯੋਗ ਟਿੱਪਣੀ ਜਿਲਾ ਮੈਜਿਸਟਰੇਟ ਨੂੰ ਭੇਜ ਦਿੱਤੀ ਜਾਇਆ ਕਰੇ

ਮੁੱਖ ਨਗਰ ਯੋਜਨਾਕਾਰ, ਪੰਜਾਬ,
ਚੰਡੀਗੜ੍ਹ।

ਪਿੱਠ ਅੰਕਣ ਨੰ : ਸੀਟੀਪੀ(ਪਬ)/ ਮਿਤੀ:

ਇਸ ਦਾ ਇੱਕ ਉਤਾਰਾ ਸਕੱਤਰ ਪੰਜਾਬ ਸਰਕਾਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਨੂੰ ਉਨ੍ਹਾਂ ਦੇ ਨੰ: 731 ਮਿਤੀ 3-7-08 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਮੁੱਖ ਨਗਰ ਯੋਜਨਾਕਾਰ, ਪੰਜਾਬ,
ਚੰਡੀਗੜ੍ਹ।